ੴ ਸਤਿਗੁਰ ਪ੍ਰਸਾਦਿ

# ਗੁਰੂ ਗ੍ਰੰਥ ਸਾਹਿਬ ਇੰਨਸਟੀਚਿਊਟ ਮੈਲਬਰਨ

# Guru Granth Sahib Institute Melbourne

A Division of Sikh Community of Western Victoria Inc. Reg No – A0038639J , ABN – 97 090 225 458

**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥ (ਗੁ.ਗ੍ਰੰ.ਸ.ਅੰ:੬੨੮)**

ਵਿਸ਼ਾ: ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਸੰਥਿਆ, ਸ਼ਬਦਾਰਥ, ਭਾਵਾਰਥ ਤੇ ਸਿਧਾਂਤਕ ਵਿਆਖਿਆ ਦੀ ਆਡੀਓ ਵੀਡੀਓ (Audio Video) ਰੀਕਾਰਡਿੰਗ ਅਤੇ ਕਿਤਾਬੀ ਰੂਪ (Text Version)

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।

ਅਕਾਲ ਪੁਰਖ ਦੇ ਬਖ਼ਸ਼ੇ ਉਦਮ ਤੇ ਅਗੰਮੀ ਪ੍ਰੇਰਨਾ ਸਦਕਾ, ਸਿੱਖ ਕਮਿਊਨਟੀ ਔਫ ਵੈਸਟਰਨ ਵਿਕਟੋਰੀਆ (ਟਾਰਨੈਟ) ਦੇ ਸੇਵਾਦਾਰਾਂ ਨੇ ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਪ੍ਰੋ: ਸਾਹਿਬ ਸਿੰਘ ਜੀ ਦੇ ਆਰੰਭੇ 'ਗੁਰਬਾਣੀ ਵਿਆਖਿਆ ਕਾਰਜ' ਨੂੰ ਅੱਗੇ ਤੋਰਨ ਦਾ ਬੀੜਾ ਚੁੱਕਿਆ ਹੈ। ਫੈਸਲਾ ਕੀਤਾ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਤੋਂ ਵਿਆਕਰਣਿਕ ਤੇ ਸਿਧਾਂਤਕ ਸੇਧ ਲੈਂਦਿਆਂ ਹੁਣ ਤੱਕ ਹੋਏ ਗੁਰਬਾਣੀ ਦੇ ਹੋਰ ਟੀਕਿਆਂ ਨੂੰ ਧਿਆਨ ਵਿੱਚ ਰੱਖਕੇ ਗੁਰਬਾਣੀ ਦੇ ਸ਼ੁਧ ਉਚਾਰਨ ਸਹਿਤ ਸੰਥਿਆ, ਸ਼ਬਦਾਰਥ, ਅਰਥ-ਭਾਵ, ਤੇ ਸਿਧਾਂਤਕ ਵਿਆਖਿਆ ਕੀਤੀ ਜਾਵੇ। ਇੱਸ ਦੀ ਆਡੀਓ ਤੇ ਵੀਡੀਓ ਰੀਕਾਰਡਿੰਗ ਵੀ ਹੋਵੇ ਅਤੇ ਇੱਸ ਨੂੰ ਕਿਤਾਬੀ ਸ਼ਕਲ ਵੀ ਦਿੱਤੀ ਜਾਵੇ; ਤਾਂ ਕਿ ਗੁਰਬਾਣੀ ਗੁਰੂ-ਦਰਸ਼ਨ ਦਾ ਇੱਕ ਅਜਿਹਾ ਇਨਸਾਈਕਲੋਪੀਡੀਆ ਤਿਆਰ ਹੋ ਜਾਏ ਜਿਸ ਨੂੰ ਪੜ੍ਹਦਿਆਂ ਕਿਸੇ ਹੋਰ ਕੋਸ਼, ਟੀਕੇ ਤੇ ਵਿਆਕਰਣਿਕ ਕਿਤਾਬ ਜਾਂ ਵਿਅਕਤੀਗਤ ਸਹਾਇਤਾ ਦੀ ਲੋੜ ਨਾ ਭਾਸੇ ਅਤੇ ਗੁਰਬਾਣੀ ਦੀ ਉਚੇਰੀ ਸਿਖਿਆ ਅਤੇ ਸਿਖਲਾਈ ਦਾ ਆਧਾਰ ਬਣੇ।ਗੁਰਬਾਣੀ ਸਟੀਕ ਵਿੱਚ ਮੂਲ-ਪਾਠ ਦੇ ਨਾਲ ਸਰਲ ਸੰਥਿਆ-ਪਾਠ ਵੀ ਲਿਖਿਆ ਜਾਏ। ਹਰੇਕ ਲਫ਼ਜ਼ ਦਾ ਸ਼ਬਦਾਰਥ ਲਿਖਣ ਵੇਲੇ ਉਸਦੀ ਅਨੁਕ੍ਰਮਣਿਕਾ (ਕੁਲ ਗਿਣਤੀ) ਅੰਕਿਤ ਕਰਦਿਆਂ ਉਸ ਦੇ ਸ਼ੁਧ ਉਚਾਰਨ ਦੇ ਨਾਲ ਭਾਸ਼ਾਈ ਤੇ ਵਿਆਕਰਣਿਕ ਰੂਪ ਵੀ ਲਿਖਿਆ ਜਾਏ। ਸ਼ਬਦਾਂ ਦੇ ਤੁਕ-ਅਰਥ ਤੇ ਭਾਵਾਰਥ ਪ੍ਰਗਟਾਉਂਦਿਆਂ ਵਿਸ਼ਵ ਦਰਸ਼ਨ ਦੇ ਪਰੀਪੇਖ ਵਿੱਚ ਸਿਧਾਂਤਕ ਵਿਆਖਿਆ ਵੀ ਕੀਤੀ ਜਾਵੇ। ਗੁਰਸ਼ਬਦ ਵੀਚਾਰ ਦੀ ਪ੍ਰਵੇਸ਼ਕਾ ਤੇ ਸਾਰੰਸ਼ ਵੀ ਲਿਖੇ ਜਾਣ। ਗੁਰਬਾਣੀ ਦੀ ਵਿਆਖਿਆ ਕੇਵਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਵਿਖੇ ਅੰਕਿਤ ਸੱਚੀ-ਬਾਣੀ ਦੀ ਰੌਸ਼ਨੀ ਵਿੱਚ ਹੋਵੇ।

ਗੁਰਬਾਣੀ ਸਟੀਕ ਨੂੰ ਗੁਰਮਤਿ ਦੀ ਸਿਧਾਂਤਕ ਸੇਧ ਵਿੱਚ ਰੱਖ ਕੇ ਸਾਰੇ ਪੱਖਾਂ ਤੋਂ ਸਹੀ ਤੇ ਸਾਰਥਿਕ ਬਨਾਉਣ ਲਈ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅਨਿੰਨ ਗੁਰਸਿੱਖ, ਤੱਤ ਗੁਰਮਤਿ ਦੀ ਸੂਝ ਰੱਖਣ ਵਾਲੇ ਅਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਦੀ ਪਵਿਤਰਤਾ ਸੰਪੂਰਣਤਾ ਅਤੇ ਸਰਬਉਚਤਾ ਅੱਗੇ ਸੀਸ ਝੁਕਾਉਣ ਵਾਲੇ ਉੱਚਕੋਟੀ ਦੇ ਨਿਰਪੱਖ ਵਿਦਵਾਨਾਂ ਦਾ ਇੱਕ ਵਿਸ਼ੇਸ਼ ਸਲਾਹਕਾਰ ਬੋਰਡ ਤੇ ਨਿਰਣੈਕਾਰ ਕਮੇਟੀ ਵੀ ਬਣਾਈ ਗਈ ਹੈ। ਇਸ ਵਿੱਚ ਗੁਰਬਾਣੀ ਦੀ ਉਚਾਰਣਤਮਿਕ, ਵਿਆਕਰਣਿਕ ਤੇ ਸਿਧਾਂਤਕ ਸੂਝ ਰੱਖਣ ਵਾਲੇ ਅਧਿਆਤਮਿਕ ਤੇ ਅਕਾਦਮਿਕ ਖੇਤਰ ਦੇ ਪ੍ਰੋਫੈਸਰ ਸਾਹਿਬਾਨ, ਲੇਖਕ, ਵਿਆਖਿਆਕਾਰ, ਇਤਿਹਾਸਕਾਰ, ਮਨੋਵਗਿਆਨੀ, ਸਮਾਜਵਿਗਿਆਨੀ, ਅਰਥ-ਸ਼ਾਸ਼ਤਰੀ, ਸਾਇੰਸਦਾਨ ਤੇ ਵਿਸ਼ਵ-ਵਿਆਪੀ ਰਾਜਨੀਤਕ ਸੂਝ ਰਖਣ ਵਾਲੇ ਸੱਜਣ ਵੀ ਸ਼ਾਮਲ ਕੀਤੇ ਗਏ ਹਨ, ਤਾਂ ਕਿ ਗੁਰਬਾਣੀ ਵਿਆਖਿਆ ਤੋਂ ਸਾਨੂੰ ਜ਼ਿੰਦਗੀ ਦੇ ਹਰੇਕ ਖੇਤਰ ਵਿੱਚ ਗੁਰਮਤਿ ਦੀ ਸਹੀ ਸੇਧ ਪ੍ਰਾਪਤ ਹੋ ਸਕੇ। ਇਹ ਵੀ ਫੈਸਲਾ ਲਿਆ ਹੈ ਕਿ ਹਰੇਕ ਸ਼ਬਦ ਦੀ ਸੰਥਿਆ, ਸ਼ਬਦਾਰਥ ਤੇ ਸਿਧਾਂਤਕ ਵਿਆਖਿਆ ਪਹਿਲਾਂ ਸਲਾਹਕਾਰ ਬੋਰਡ ਦੀ ਨਿਗਾਹ ਵਿਚੋਂ ਗੁਜ਼ਰੇ ਅਤੇ ਫਿਰ ਸਲਾਹਕਾਰਾਂ ਦੀਆਂ ਟਿਪਣੀਆਂ ਨੂੰ ਧਿਆਨ ਵਿੱਚ ਰੱਖ ਕੇ ਸੋਧੀ ਹੋਈ ਲਿਖਤ ਨੂੰ ਪੰਜ ਮੈਂਬਰੀ ਨਿਰਣੈਕਾਰ ਕਮੇਟੀ ਦੀ ਪ੍ਰਵਾਨਗੀ ਉਪਰੰਤ ਹੀ ਰਾਈਟਿੰਗ ਤੇ ਰਿਕਾਰਡਿੰਗ ਲਈ ਅੰਤਮ ਤੇ ਸਹੀ ਮੰਨਿਆ ਜਾਵੇ। ਇੱਸ ਮਹਾਨ ਗੁਰਬਾਣੀ ਪ੍ਰੋਜੈਕਟ ਦੇ ਪਹਿਲੇ ਪੜਾਅ ਵਜੋਂ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸੰਥਿਆ ਪਾਠ ਤੇ ਸੰਖੇਪ ਅਰਥ-ਭਾਵ ਦੀ ਆਡੀਓ ਵੀਡੀਓ ਰੀਕਾਰਡਿੰਗ ਭੇਟ ਕੀਤੀ ਜਾਏਗੀ ਅਤੇ ਫਿਰ ਦੂਜੇ ਤੇ ਤੀਜੇ ਪੜਾਅ ਵਿੱਚ ਇਸਦਾ ਸਿਧਾਂਤਕ ਵਿਆਖਿਆ ਨਾਲ ਕਿਤਾਬੀ ਰੂਪ ਤੇ ਰੀਕਾਰਡਿੰਗ ਅਰਪਣ ਕਰਨ ਦਾ ਯਤਨ ਕੀਤਾ ਜਾਏਗਾ।

'ਸਿੱਖ ਕਮਿਊਨਟੀ ਔਫ ਵੈਸਟਰਨ ਵਿਕਟੋਰੀਆ' ਨੇ ਇਸ ਪ੍ਰੋਜੈਕਟ ਦੀ ਮਹਾਨਤਾ ਤੇ ਸਫਲਤਾ ਨੂੰ ਧਿਆਨ ਵਿੱਚ ਰਖਦਿਆਂ ਸਥਾਈ ਤੌਰ ਤੇ 'ਗੁਰੂ ਗ੍ਰੰਥ ਸਾਹਿਬ ਇੰਨਸੀਚਿਊਟ ਮੈਲਬਰਨ' ਦੀ ਸਥਾਪਨਾ ਕਰ ਦਿੱਤੀ ਹੈ, ਤਾਂ ਜੋ ਵਰ੍ਹਿਆਂ ਬੱਧੀ ਚਲਣ ਵਾਲੇ ਕਾਰਜ ਨੂੰ ਨਿਰੰਤਰ ਜਾਰੀ ਰਖਿਆ ਜਾ ਸਕੇ ਅਤੇ ਇਸ ਦੇ ਪ੍ਰਬੰਧਕੀ ਸੇਵਾਦਾਰ ਕਿਸੇ ਵਿਅਕਤੀ ਜਾਂ ਸੰਸਥਾ ਦੇ ਪ੍ਰਭਾਵ ਤੋਂ ਮੁਕਤ ਰਹਿ ਕੇ ਗੁਰਮਤਿ ਦੀ ਰੌਸ਼ਨੀ ਵਿੱਚ ਅਜਿਹੇ ਮਹਾਨ ਪ੍ਰੋਜੈਕਟ ਨੂੰ ਸਿਰੇ ਚਾੜ੍ਹ ਸਕਣ। 'ਗੁਰੂ ਗ੍ਰੰਥ ਸਾਹਿਬ ਇੰਨਸਟੀਚਿਊਟ ਮੈਲਬਰਨ' ਦੇ ਖ਼ੋਜ ਅਤੇ ਅਕਾਦਮਿਕ ਕੰਮ ਨੂੰ ਤਾਲਮੇਲ ਕਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੇ ਸਾਬਕਾ ਗ੍ਰੰਥੀ ਗਿਆਨੀ ਜਗਤਾਰ ਸਿੰਘ ਜਾਚਕ ਜੀ ਵਰਗੇ ਜਾਗਰੂਕ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ, ਲੇਖਕ ਅਤੇ ਵਿਆਖਿਆਕਾਰ, ਖੋਜ ਡਾਇਰੈਕਟਰ ਦੀ ਸੇਵਾ ਨਿਭਾਉਣਗੇ। ਸਾਨੂੰ ਪੂਰਨ ਭਰੋਸਾ ਹੈ ਕਿ ਸਰਬੱਤ ਗੁਰਬਾਣੀ ਪ੍ਰੇਮੀ ਇਸ ਗੁਰਸ਼ਬਦੀ ਲੰਗਰ ਵਿੱਚ ਆਪਣਾ ਯੋਗਦਾਨ ਪਾ ਕੇ ਗੁਰੂ ਕਿਰਪਾ ਦੇ ਪਾਤਰ ਬਣਨਗੇ। ਭੁੱਲ-ਚੁੱਕ ਮੁਆਫ਼।

**'ਗੁਰੂ ਗ੍ਰੰਥ ਸਾਹਿਬ ਇੰਨਸਟੀਚਿਊਟ ਮੈਲਬਰਨ' ਦਾ ਖਾਤਾ ਹੇਠ ਲਿਖੇ ਅਨੁਸਾਰ ਹੈ।**

| | | | |
|---|---|---|---|
| Account Name: | 'Guru Granth Sahib Institute Melbourne' | Swift Code: | WPACAU2S |
| BSB Number: | 033 226 | Branch: | Westpac Banking Corporation |
| Account Number: | 423 306 | Branch Address: | 95 – 97 Moorabool Street, Geelong VIC – 3220 |

ਭੇਟਾ ਭੇਜਣ ਵਾਲੇ ਸੱਜਣ ਆਪਣਾ ਫੋਨ, ਈਮੇਲ ਅਤੇ ਪਤਾ ਹੇਠ ਲਿਖੇ ਈਮੇਲ ਤੇ ਭੇਜਣ ਜਾਂ ਸੰਪਰਕ ਕਰਣ।ਹਰੇਕ ਯੋਗਦਾਨ ਕਰਣ ਵਾਲੀ ਸੰਸਥਾ ਅਤੇ ਮਾਈ ਭਾਈ ਨੂੰ ਪ੍ਰੋਜੈਕਟ ਦਾ ਲੇਖਾ ਜੋਖਾ ਭੇਜਿਆ ਜਾਵੇਗਾ।

ਗੁਰੂ ਗ੍ਰੰਥ ਅਤੇ ਪੰਥ ਦੇ ਦਾਸ
ਗੁਰੂ ਗ੍ਰੰਥ ਸਾਹਿਬ ਇੰਨਸੀਚਿਊਟ ਮੈਲਬਰਨ ਦੇ ਸੇਵਾਦਾਰ
ਬਲਵਿੰਦਰ ਸਿੰਘ – 0402149757 ਹਰਦੇਵ ਸਿੰਘ – 0430065516 ਮਨਜੀਤ ਸਿੰਘ ਸਿੱਧੂ – 0411124120
ਬਲਬਿੰਦਰ ਸਿੰਘ 0412313258

ਫੋਨ ਅਤੇ ਈਮੇਲ ਰਾਹੀ ਸੁਝਾਅ ਵਾਸਤੇ ਸੰਪਰਕ ਕਰੋ ਜੀ।
ਜਾਰੀ ਕਰਤਾ: ਸੈਕਟਰੀ ਗੁਰੂ ਗ੍ਰੰਥ ਸਾਹਿਬ ਇੰਨਸੀਚਿਊਟ ਮੈਲਬਰਨ, ਟਾਰਨੇਟ
੫੬੦, ਡੇਵਿਸ ਰੋਡ (ਕੌਰਨਰ ਡੇਵਿਸ ਰੋਡ), ਟਾਰਨੇਟ, ਵਿਕਟੋਰੀਆ – ੩੦੨੯
ਫੋਨ : +੩ ੯੭੪੮ ੧੪੪੮ ਮੋਬਾਈਲ: +੬੧ ੪੬੯ ੬੧੪ ੯੯੪ ਈ-ਮੇਲ: secretary_ggsim@scwv.org

At Service To Guru Granth and Panth
Caretakers of Guru Granth Sahib Institute Melbourne.
Balwinder Singh – 0402149757 Hardev Singh – 0430065516 Manjit Singh Sidhu – 0411124
Balbinder Singh – 0412313258

**Please send Suggestions By Phone and Email.**
**Issued By: Secretary Guru Granth Sahib Institute Melbourne, Tarneit.**
**560, Davis Road (Corner of Davis Road), Tarneit, Victoria – 3029.**
**Phone: +3 9748 1448 Mobile: +61 469 614 994 Email: secretary_ggsim@scwv.org**